شعبہ پریس اینڈ میڈیا بھارت
**Office Press & Media**
Ahmadiyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988
Email: pressamjindia@gmail.com
Tel: +91-1872-500282
ahmadiyya_press ahmadiyyapressindia

( A Registered Religious and Charitable Society in India under the Societies Registration Act XXI 1860 )

زیرحوالہ/Ref **SPM-493**
تاریخ/Date **07-03-2026**

# ਵਿਸ਼ਵ ਮੁਸਲਿਮ ਨੇਤਾ ਵੱਲੋਂ ਮੁਸਲਿਮ ਮੁਲਕਾਂ ਵਿੱਚ ਪੱਛਮੀ ਹਸਤਖੇਪ ਦੀ ਨਿੰਦਾ, ਇਸਲਾਮੀ ਦੇਸ਼ਾਂ ਨੂੰ ਅਮਨ ਨਾਲ ਇਕੱਠੇ ਹੋਣ ਅਤੇ ਸੁਰੱਖਿਆ ਲਈ ਪੱਛਮੀ ਤਾਕਤਾਂ ਦੀ ਬਜਾਇ ਰੱਬ 'ਤੇ ਭਰੋਸਾ ਕਰਨ ਦੀ ਅਪੀਲ

ਆਪਣੇ ਹਫ਼ਤਾਵਾਰੀ ਜੁਮ੍ਹਾ ਖੁਤਬੇ ਦੌਰਾਨ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਮੁਸਲਿਮ ਦੇਸ਼ਾਂ ਨੂੰ ਇਹ ਨਸੀਹਤ ਕੀਤੀ ਕਿ ਉਹ ਆਪਣੀ ਖੁਸ਼ਹਾਲੀ ਲਈ ਵੱਡੀਆਂ ਤਾਕਤਾਂ ਦੀ ਬਜਾਏ ਅੱਲਾਹ 'ਤੇ ਭਰੋਸਾ ਕਰਨ, ਆਪਸ ਵਿੱਚ ਏਕਤਾ ਨੂੰ ਤਰਜੀਹ ਦੇਣ ਅਤੇ ਮੱਧ ਪੂਰਬ ਵਿੱਚ ਚੱਲ ਰਹੇ ਟਕਰਾਅ ਦਾ ਅਮਨਪੂਰਨ ਹੱਲ ਲੱਭਣ ਵੱਲ ਕੰਮ ਕਰਨ।

ਆਪਣੇ ਹਫ਼ਤਾਵਾਰੀ ਜੁਮ੍ਹਾ ਖੁਤਬੇ ਦੌਰਾਨ ਜਮਾਤ ਅਹਮਦੀਆ ਮੁਸਲਿਮਾ ਦੇ ਵਿਸ਼ਵ ਮੁਖੀ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਕਿਹਾ ਕਿ ਮੁਸਲਿਮ ਦੁਨੀਆ ਨੂੰ ਆਪਣੀ ਸੁਰੱਖਿਆ ਲਈ ਪੱਛਮੀ ਤਾਕਤਾਂ 'ਤੇ ਨਿਰਭਰ ਹੋਣ ਤੋਂ ਹਟ ਜਾਣਾ ਚਾਹੀਦਾ ਹੈ ਅਤੇ ਉਹਨਾਂ ਤਾਕਤਾਂ ਦੀਆਂ ਸਾਜ਼ਿਸ਼ਾਂ ਤੋਂ ਬਚਣ ਲਈ, ਜੋ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੀਆਂ ਹਨ, ਅਮਨ ਨਾਲ ਇਕੱਠੇ ਹੋਣਾ ਚਾਹੀਦਾ ਹੈ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫਰਮਾਇਆ:

"ਅਮਰੀਕਾ ਨੇ ਕਈ ਮੁਸਲਿਮ ਦੇਸ਼ਾਂ ਵਿੱਚ ਫੌਜੀ ਅੱਡੇ ਕਾਇਮ ਕੀਤੇ ਹੋਏ ਹਨ। ਪਰ ਕਿਸ ਮਕਸਦ ਲਈ? ਆਖਿਰਕਾਰ, ਇਹ ਦੇਸ਼ ਕਿਸ ਤੋਂ ਖਤਰੇ ਵਿੱਚ ਸਨ? ਹਕੀਕਤ ਵਿੱਚ, ਇਹੋ ਤਾਕਤਾਂ ਸਨ ਜਿਨ੍ਹਾਂ ਨੇ ਖੁਦ ਹੀ ਉਹ ਖਤਰੇ ਪੈਦਾ ਕੀਤੇ। ਉਸ ਤੋਂ ਬਾਅਦ ਇਹ ਕਹਾਣੀ ਅੱਗੇ ਵਧਾਈ ਗਈ ਕਿ ਇਹ [ਮੁਸਲਿਮ] ਦੇਸ਼ ਖਤਰੇ ਵਿੱਚ ਹਨ ਅਤੇ ਇਸ ਲਈ ਉਨ੍ਹਾਂ ਦੀ ਹਿਫ਼ਾਜ਼ਤ ਲਈ ਫੌਜੀ ਅੱਡੇ ਕਾਇਮ ਕਰਨਾ ਲਾਜ਼ਮੀ ਹੈ।"

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਹੋਰ ਫਰਮਾਇਆ:

"ਇਨ੍ਹਾਂ ਅੱਡਿਆਂ ਦੀ ਮੌਜੂਦਗੀ ਕਾਰਨ ਅਰਬ ਦੇਸ਼ਾਂ 'ਤੇ ਹਮਲਿਆਂ ਦੀ ਸੰਭਾਵਨਾ ਵੱਧ ਗਈ ਅਤੇ ਆਖਿਰਕਾਰ ਅਜੇਹੇ ਹਮਲੇ ਹੋਏ ਵੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਉਨ੍ਹਾਂ ਦੀਆਂ ਅਰਥਵਿਵਸਥਾਵਾਂ ਨੂੰ ਵੀ ਗੰਭੀਰ ਨੁਕਸਾਨ ਪਹੁੰਚ ਰਿਹਾ ਹੈ... ਫਿਰ ਵੀ, ਜਿਨ੍ਹਾਂ ਤਾਕਤਾਂ ਤੋਂ ਮੁਸਲਮਾਨਾਂ ਨੂੰ ਹਕੀਕਤ ਵਿੱਚ ਖਤਰਾ ਹੋ ਸਕਦਾ ਹੈ, ਉਨ੍ਹਾਂ ਦੇ ਵਿਰੁੱਧ ਇਹ ਤਾਕਤਾਂ ਕਦੇ ਆਪਣੀ ਤਾਕਤ ਜਾਂ ਹਥਿਆਰ ਵਰਤਣਗੀਆਂ ਹੀ ਨਹੀਂ।"

ਬਰਤਾਨੀਆ ਦੇ ਟਿਲਫੋਰਡ ਵਿੱਚ ਸਥਿਤ ਮੁਬਾਰਕ ਮਸਜਿਦ ਤੋਂ ਖ਼ਿਤਾਬ ਕਰਦੇ ਹੋਏ, ਜੋ ਕਿ ਦੁਨੀਆ ਭਰ ਦੇ 2 ਕਰੋੜ ਅਹਮਦੀ ਮੁਸਲਮਾਨਾਂ ਦੀ ਗਲੋਬਲ ਜਮਾਤ ਦਾ ਮੁੱਖ ਦਫ਼ਤਰ ਹੈ, ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਮੱਧ ਪੂਰਬ ਵਿੱਚ ਚੱਲ ਰਿਹਾ ਸੰਘਰਸ਼ ਆਸਾਨੀ ਨਾਲ ਬੇਕਾਬੂ ਹੋ ਸਕਦਾ ਹੈ ਅਤੇ ਜੇ ਇਹ ਜੰਗ ਜਾਰੀ ਰਹੀ ਤਾਂ ਅਰਬ ਦੇਸ਼ ਸਭ ਤੋਂ ਵੱਧ ਨੁਕਸਾਨ ਝੱਲਣਗੇ।

ਉਨ੍ਹਾਂ ਨੇ ਫਰਮਾਇਆ ਕਿ ਜਦੋਂ ਇਹ ਜੰਗ ਖਾੜੀ ਦੇ ਇਲਾਕੇ ਵਿੱਚ ਫੈਲ ਰਹੀ ਹੈ, ਤਾਂ ਪੱਛਮੀ ਤਾਕਤਾਂ ਮੁਸਲਿਮ ਦੁਨੀਆ ਦੇ ਅੰਦਰੂਨੀ ਫੁੱਟ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫਰਮਾਇਆ:

"ਮੁਸਲਿਮ ਦੇਸ਼ਾਂ ਦੀਆਂ ਸਰਕਾਰਾਂ, ਉਨ੍ਹਾਂ ਦੇ ਸਿਆਸਤਦਾਨਾਂ ਅਤੇ ਹਾਕਮਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਨਿੱਜੀ ਹਿਤਾਂ ਨੂੰ ਇਕ ਪਾਸੇ ਰੱਖਣ ਅਤੇ ਇਸ ਦੀ ਬਜਾਇ ਮੁਸਲਿਮ ਉਮਮਤ ਦੀ ਏਕਤਾ ਲਈ ਕੋਸ਼ਿਸ਼ ਕਰਨ।"

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫਰਮਾਇਆ:

"ਪੱਛਮੀ ਤਾਕਤਾਂ ਨੇ ਮੁਸਲਿਮ ਦੇਸ਼ਾਂ ਦੇ ਅੰਦਰ ਬੇਚੈਨੀ ਅਤੇ ਅਸ਼ਾਂਤੀ ਪੈਦਾ ਕੀਤੀ ਅਤੇ ਫਿਰ ਹੌਲੇ-ਹੌਲੇ ਉਸ ਅਸ਼ਾਂਤੀ ਨੂੰ ਭੜਕਾਉਂਦਿਆਂ ਉਸ ਨੂੰ ਇੱਕ ਦੇਸ਼ ਤੋਂ ਦੂਜੇ ਦੇਸ਼ ਤੱਕ ਫੈਲਾਇਆ। ਇਹ ਸਪਸ਼ਟ ਲੱਗਦਾ ਹੈ ਕਿ ਉਹ ਆਪਣੀ ਤਾਕਤ ਦਾ ਇਸਤੇਮਾਲ ਕਰਕੇ ਇਨ੍ਹਾਂ ਦੇਸ਼ਾਂ ਦੇ ਸਰੋਤਾਂ 'ਤੇ ਕਬਜ਼ਾ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਪ੍ਰਭਾਵ ਹੇਠ ਲਿਆਉਣਾ ਚਾਹੁੰਦੇ ਸਨ।"

ਹਜ਼ੂਰ ਅਨਵਰ ਨੇ ਹੋਰ ਨਸੀਹਤ ਕਰਦਿਆਂ ਫਰਮਾਇਆ ਕਿ ਮੁਸਲਮਾਨਾਂ ਨੂੰ ਆਪਣੀ ਸੁਰੱਖਿਆ ਅਤੇ ਖੁਸ਼ਹਾਲੀ ਲਈ ਪੱਛਮੀ ਤਾਕਤਾਂ 'ਤੇ ਨਿਰਭਰ ਨਹੀਂ ਹੋਣਾ ਚਾਹੀਦਾ।

"ਉਹਨਾਂ [ਮੁਸਲਿਮ ਦੇਸ਼ਾਂ] ਨੂੰ ਦੁਨੀਆ ਦੀਆਂ ਵੱਡੀਆਂ ਤਾਕਤਾਂ ਨੂੰ ਆਪਣੇ ਖੁਦਾ ਨਹੀਂ ਸਮਝਣਾ ਚਾਹੀਦਾ, ਕਿਉਂਕਿ ਸਦੀਵੀ ਰਹਿਣ ਵਾਲੀ ਤਾਕਤ ਸਿਰਫ਼ ਖੁਦਾ ਤਆਲਾ ਦੀ ਤਾਕਤ ਹੈ। ਜੇ ਇਹ ਵੱਡੀਆਂ ਤਾਕਤਾਂ ਆਖਰੀ ਅਧਿਕਾਰ ਵਜੋਂ ਮੰਨੀਆਂ ਗਈਆਂ ਤਾਂ ਉਹ ਹੌਲੇ-ਹੌਲੇ ਪੂਰੀ ਮੁਸਲਿਮ ਦੁਨੀਆ 'ਤੇ ਕਬਜ਼ਾ ਕਰ ਲੈਣਗੀਆਂ, ਇੱਕ ਦੇਸ਼ ਤੋਂ ਬਾਅਦ ਦੂਜੇ ਦੇਸ਼ ਨੂੰ ਆਪਣੇ ਅਧੀਨ ਕਰਦੀਆਂ ਜਾਣਗੀਆਂ। ਇਹ ਦੁਨਿਆਵੀ ਤਾਕਤਾਂ ਪਹਿਲਾਂ ਹੀ ਦੁਨੀਆ ਦੇ ਅਮਨ ਅਤੇ ਸਥਿਰਤਾ ਨੂੰ, ਖਾਸ ਕਰਕੇ ਮੁਸਲਿਮ ਦੁਨੀਆ ਦੇ ਅਮਨ ਨੂੰ ਤਬਾਹ ਕਰ ਚੁੱਕੀਆਂ ਹਨ ਅਤੇ ਭਵਿੱਖ ਵਿੱਚ ਵੀ ਇਹ ਅਜਿਹਾ ਕਰਦੀਆਂ ਰਹਿਣਗੀਆਂ।"

ਹਜ਼ੂਰ ਅਨਵਰ ਨੇ ਕਿਹਾ ਕਿ ਅਮਰੀਕਾ ਨੇ ਇਹ ਦਾਅਵਾ ਕੀਤਾ ਕਿ ਉਹ ਇਰਾਨ 'ਤੇ ਹਮਲਾ ਕਰਕੇ ਉਸ ਦੇ ਲੋਕਾਂ ਨੂੰ, ਖਾਸ ਕਰਕੇ ਇਰਾਨ ਦੀਆਂ ਔਰਤਾਂ ਨੂੰ ਆਜ਼ਾਦ ਕਰੇਗਾ। ਪਰ ਹਜ਼ੂਰ ਅਨਵਰ ਨੇ ਇੱਕ ਸਪੇਨੀ ਯੂਰਪੀ ਸੰਸਦ ਮੈਂਬਰ ਦਾ ਹਵਾਲਾ ਦਿੱਤਾ ਜਿਨ੍ਹਾਂ ਨੇ ਕਿਹਾ ਕਿ ਇਹ ਗਲਤ ਹੈ ਕਿ ਇਹ ਜੰਗ ਅਮਰੀਕਾ ਵੱਲੋਂ ਇਰਾਨ ਦੀਆਂ ਔਰਤਾਂ ਦੀ ਆਜ਼ਾਦੀ ਲਈ ਲੜੀ ਜਾ ਰਹੀ ਹੈ।

ਮਿਸ ਆਇਰੀਨ ਮੋਂਤੇਰੋ ਨੇ ਕਿਹਾ:

"ਕਿਸੇ ਵੀ ਔਰਤ ਨੂੰ ਕਦੇ ਵੀ ਅਮਰੀਕੀ ਬੰਬਾਂ ਜਾਂ ਗੈਰਕਾਨੂੰਨੀ ਹਮਲਿਆਂ ਰਾਹੀਂ ਆਜ਼ਾਦ ਨਹੀਂ ਕੀਤਾ ਗਿਆ... ਅਤੇ ਇਹ ਇਰਾਨ ਵਿੱਚ ਵੀ ਨਹੀਂ ਹੋਵੇਗਾ।"

ਪੱਛਮ ਵਿੱਚ ਬੇਗੁਨਾਹ ਮੁਸਲਿਮ ਨਾਗਰਿਕਾਂ ਦੀਆਂ ਜਾਨਾਂ ਨੂੰ ਜਿਸ ਤਰ੍ਹਾਂ ਦੇਖਿਆ ਜਾਂਦਾ ਹੈ ਉਸ ਵਿੱਚ ਮੌਜੂਦ ਦੋਹਰੇ ਮਾਪਦੰਡਾਂ ਬਾਰੇ ਟਿੱਪਣੀ ਕਰਦਿਆਂ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫਰਮਾਇਆ:

"ਜੇ ਪੱਛਮੀ ਦੇਸ਼ਾਂ ਦੀ ਸਥਿਤੀ ਨੂੰ ਦੇਖਿਆ ਜਾਵੇ ਤਾਂ ਕੁਝ ਟਿੱਪਣੀਕਾਰ ਖੁਦ ਇਹ ਦਰਸਾਉਣ ਲੱਗ ਪਏ ਹਨ ਕਿ ਜੇ ਇਸਰਾਈਲ, ਅਮਰੀਕਾ ਜਾਂ ਕਿਸੇ ਵੀ ਪੱਛਮੀ ਦੇਸ਼ ਵਿੱਚ ਕੋਈ ਹਮਲਾ ਹੋਵੇ ਅਤੇ ਉਨ੍ਹਾਂ ਦੇ ਕੁਝ ਬੱਚੇ ਵੀ ਮਾਰੇ ਜਾਣ, ਤਾਂ ਅਖਬਾਰ ਕਈ ਦਿਨਾਂ ਤੱਕ ਲੰਮੇ-ਲੰਮੇ ਕਾਲਮ ਲਿਖ ਕੇ ਗੁੱਸੇ ਦਾ ਇਜ਼ਹਾਰ ਕਰਦੇ ਰਹਿੰਦੇ ਹਨ। ਪਰ

ਇਰਾਨ ਵਿੱਚ ਇੱਕ ਸਕੂਲ ’ਤੇ ਬੰਬਮਾਰੀ ਹੁੰਦੀ ਹੈ ਅਤੇ ਸੈਂਕੜੇ ਬੱਚੇ ਮਾਰੇ ਜਾਂਦੇ ਹਨ, ਤਾਂ ਮੁਸ਼ਕਿਲ ਨਾਲ ਕੋਈ ਆਵਾਜ਼ ਉਠਾਉਂਦਾ ਹੈ। ਇਹੀ ਹਾਲਤ ਫਲਸਤਿਨ ਵਿੱਚ ਸੀ ਅਤੇ ਹੁਣ ਇਰਾਨ ਵਿੱਚ ਵੀ ਉਹੀ ਕੁਝ ਹੋ ਰਿਹਾ ਹੈ। ਐਸਾ ਲੱਗਦਾ ਹੈ ਜਿਵੇਂ ਉਨ੍ਹਾਂ ਦੀ ਨਜ਼ਰ ਵਿੱਚ ਇੱਕ ਮੁਸਲਮਾਨ ਦੀ ਜ਼ਿੰਦਗੀ ਦੀ ਕੋਈ ਕਦਰ ਨਹੀਂ ਹੈ।”

ਹਜ਼ੂਰ ਅਨਵਰ ਨੇ ਸੰਯੁਕਤ ਰਾਜ ਅਮਰੀਕਾ ਦੇ ਉਸ ਜ਼ਬਰਦਸਤੀ ਵਾਲੇ ਰਵੱਈਏ ਦੀ ਵੀ ਨਿੰਦਾ ਕੀਤੀ ਜਿਸ ਵਿੱਚ ਉਹ ਹੋਰ ਦੇਸ਼ਾਂ ਨੂੰ ਧਮਕਾਉਂਦਾ ਹੈ ਜੇ ਉਹ ਉਸ ਦੀਆਂ ਮੰਗਾਂ ਨੂੰ ਪੂਰਾ ਨਾ ਕਰਨ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫਰਮਾਇਆ:

“ਜੋ ਦੇਸ਼ ਜੰਗਾਂ ਵਿੱਚ ਭਾਗ ਲੈਣ ਤੋਂ ਇਨਕਾਰ ਕਰਦੇ ਹਨ ਉਨ੍ਹਾਂ ’ਤੇ ਪਾਬੰਦੀਆਂ ਅਤੇ ਸਜ਼ਾਮੁਲਕ ਕਦਮ ਲਾਗੂ ਕੀਤੇ ਜਾਂਦੇ ਹਨ… ਐਸੀਆਂ ਹਾਲਤਾਂ ਵਿੱਚ ਇਨਸਾਫ ਕਾਇਮ ਨਹੀਂ ਰਹਿੰਦਾ। ਅਤੇ ਜਦੋਂ ਇਨਸਾਫ ਖਤਮ ਹੋ ਜਾਂਦਾ ਹੈ ਤਾਂ ਤਬਾਹੀ ਲਾਜ਼ਮੀ ਤੌਰ ’ਤੇ ਆਉਂਦੀ ਹੈ।”

ਸੰਘਰਸ਼ ਬਾਰੇ ਸਪੇਨ ਦੀ ਸਰਕਾਰ ਦੇ ਮੌਕਫ਼ ਦੀ ਸਰਾਹਨਾ ਕਰਦਿਆਂ ਹਜ਼ੂਰ ਅਨਵਰ ਨੇ ਕਿਹਾ ਕਿ ਸਪੇਨ ਦੇ ਪ੍ਰਧਾਨ ਮੰਤਰੀ ਪੇਦਰੋ ਸਾਂਚੇਜ਼ ਨੇ “ਇਹ ਕਹਿਣ ਦੀ ਹਿੰਮਤ ਦਿਖਾਈ ਕਿ ਸਪੇਨ ਨਾ ਤਾਂ ਇਸ ਜੰਗ ਵਿੱਚ ਹਿੱਸਾ ਲਵੇਗਾ ਅਤੇ ਨਾ ਹੀ ਆਪਣੇ ਫੌਜੀ ਅੱਡੇ ਮੁਹੱਈਆ ਕਰੇਗਾ।”

ਹਜ਼ੂਰ ਅਨਵਰ ਨੇ ਫਰਮਾਇਆ ਕਿ ਜਦੋਂ ਟਿੱਪਣੀਕਾਰ ਇਹ ਕਹਿੰਦੇ ਹਨ ਕਿ ਸੰਯੁਕਤ ਰਾਜ ਅਮਰੀਕਾ ਆਰਥਿਕ ਨੁਕਸਾਨ ਦਾ ਸਾਹਮਣਾ ਕਰ ਰਿਹਾ ਹੈ ਅਤੇ ਜੰਗ ਦਾ ਵਿੱਤੀ ਬੋਝ ਝੱਲ ਰਿਹਾ ਹੈ, ਤਾਂ ਇਹ ਸਿਰਫ਼ ਇੱਕ ਅਨੁਮਾਨ ਹੈ। ਉਨ੍ਹਾਂ ਨੇ ਕਿਹਾ ਕਿ ਤਾਕਤਵਰ ਦੇਸ਼ “ਹਰ ਮਾਮਲੇ ਦੀ ਬਹੁਤ ਸੁਚੱਜੀ ਗਿਣਤੀ ਕਰਦੇ ਹਨ” ਅਤੇ “ਕਿਸੇ ਵੀ ਕਦਮ ਤੋਂ ਪਹਿਲਾਂ ਪੂਰਾ ਮੁਲਾਂਕਣ ਕਰਦੇ ਹਨ।” ਹਜ਼ੂਰ ਅਨਵਰ ਨੇ ਕਿਹਾ ਕਿ ਇਸ ਦੀ ਬਜਾਇ ਸੰਭਾਵਨਾ ਇਹ ਹੈ ਕਿ ਅਰਬ ਦੇਸ਼ਾਂ ਨੂੰ “ਉਨ੍ਹਾਂ ਨੂੰ ਰੱਖਿਆ ਮੁਹੱਈਆ ਕਰਨ ਦੇ ਬਹਾਨੇ ਹੇਠ” ਇਹ ਭਾਰੀ ਖਰਚੇ ਝੱਲਣ ਲਈ ਮਜਬੂਰ ਕੀਤਾ ਜਾਵੇਗਾ।

**ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ** ਨੇ ਫਰਮਾਇਆ:

“ਇੱਕ ਪਾਸੇ ਉਨ੍ਹਾਂ ਦੀ ਤੇਲ ਉਤਪਾਦਨ ਪ੍ਰਭਾਵਿਤ ਹੋ ਰਹੀ ਹੈ ਅਤੇ ਮਹਿੰਗਾਈ ਵੱਧ ਰਹੀ ਹੈ… ਜਦਕਿ ਦੂਜੇ ਪਾਸੇ ਉਨ੍ਹਾਂ ਨੂੰ ਇਹ ਵੱਡੇ ਖਰਚੇ ਭਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜਿਸ ਨਾਲ ਹੌਲੇ-ਹੌਲੇ ਉਨ੍ਹਾਂ ਦੇ ਵਿੱਤੀ ਭੰਡਾਰ ਘਟ ਜਾਣਗੇ ਜਾਂ ਮੁਕ ਵੀ ਸਕਦੇ ਹਨ। ਆਖਿਰਕਾਰ ਅਰਬ ਦੁਨੀਆ ਨੂੰ ਗੰਭੀਰ ਆਰਥਿਕ ਨੁਕਸਾਨ ਝੱਲਣਾ ਪਵੇਗਾ। ਭਾਵੇਂ ਪੱਛਮੀ ਦੁਨੀਆ ਨੂੰ ਵੀ ਕੁਝ ਨੁਕਸਾਨ ਹੋ ਸਕਦਾ ਹੈ, ਪਰ ਸਭ ਤੋਂ ਵੱਡਾ ਨੁਕਸਾਨ ਅਰਬ ਦੇਸ਼ਾਂ ਨੂੰ ਹੀ ਹੋਵੇਗਾ।”

ਹਜ਼ੂਰ ਅਨਵਰ ਨੇ ਕਿਹਾ ਕਿ ਉਨ੍ਹਾਂ ਦੀ ਰਾਏ ਅਤੇ ਵੱਖ-ਵੱਖ ਵਿਸ਼ਲੇਸ਼ਕਾਂ ਦੇ ਵਿਚਾਰ ਅਨੁਸਾਰ ਤੀਜੀ ਵਿਸ਼ਵ ਜੰਗ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ, ਪਰ ਅਜੇ ਵੀ ਜੇ ਮੁਸਲਿਮ ਦੁਨੀਆ ਇਕੱਠੀ ਹੋ ਜਾਵੇ ਤਾਂ ਉਹ ਆਪਣੇ ਆਪ ਨੂੰ ਹੋਰ ਨੁਕਸਾਨ ਤੋਂ ਬਚਾ ਸਕਦੀ ਹੈ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫਰਮਾਇਆ:

“ਮੁਸਲਿਮ ਦੁਨੀਆ ਨੂੰ ਚਾਹੀਦਾ ਹੈ ਕਿ ਉਹ ਅਮਨਪਸੰਦ ਬਣਨ ਦੀ ਕੋਸ਼ਿਸ਼ ਕਰੇ ਅਤੇ ਆਪਸ ਵਿੱਚ ਭਰਾਵਾਂ ਵਾਂਗ ਜੀਵੇ। ਇਹੀ ਇਸਲਾਮ ਦੀ ਅਸਲੀ ਤਾਲੀਮ ਹੈ, ਨਾ ਕਿ ਇਹ ਕਿ ਉਹ ਇਕ ਦੂਜੇ ਦੇ ਗਲ ਕੱਟਣ ਵਾਲੇ ਬਣ ਜਾਣ… ਕੇਵਲ ਇਸ ਤਰ੍ਹਾਂ ਹੀ ਅਸੀਂ ਦੁਨੀਆ ਦੇ ਹਮਲਿਆਂ ਤੋਂ ਆਪਣੀ ਹਿਫ਼ਾਜ਼ਤ ਕਰ ਸਕਾਂਗੇ, ਆਪਣੀ

ਇੱਜ਼ਤ ਅਤੇ ਆਬਰੂ ਨੂੰ ਕਾਇਮ ਰੱਖ ਸਕਾਂਗੇ ਅਤੇ ਇਸਲਾਮ ਦੇ ਵਿਰੋਧੀ ਤਾਕਤਾਂ ਨੂੰ ਸਾਨੂੰ ਅੰਦਰੋਂ ਤੋੜਨ ਤੋਂ ਰੋਕ ਸਕਾਂਗੇ।"

ਹਜ਼ੂਰ ਅਨਵਰ ਨੇ ਕਿਹਾ ਕਿ ਅਰਬ ਦੇਸ਼ਾਂ ਅਤੇ ਇਰਾਨ ਦੀ ਸਰਕਾਰ ਨੂੰ ਮਿਲਾਪ ਅਤੇ ਸਲਾਹ-ਸੁਝਾਅ ਦਾ ਰਸਤਾ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। "ਇਹ ਰਿਪੋਰਟ ਕੀਤਾ ਗਿਆ ਹੈ ਕਿ ਚੀਨ ਅਤੇ ਕੁਝ ਹੋਰ ਦੇਸ਼ਾਂ, ਜਿਨ੍ਹਾਂ ਵਿੱਚ ਪਾਕਿਸਤਾਨ ਵੀ ਸ਼ਾਮਲ ਹੈ, ਨੇ ਅਮਨ ਕਾਇਮ ਕਰਨ ਵਿੱਚ ਭੂਮਿਕਾ ਨਿਭਾਉਣ ਦੀ ਪੇਸ਼ਕਸ਼ ਕੀਤੀ ਹੈ। ਹੁਣ ਸਿਰਫ਼ ਇਹੀ ਉਮੀਦ ਕੀਤੀ ਜਾ ਸਕਦੀ ਹੈ ਕਿ ਮੁਸਲਿਮ ਦੁਨੀਆ ਇਸ ਮਾਮਲੇ ਦੀ ਅਹਿਮੀਅਤ ਨੂੰ ਸਮਝੇ।"

ਹਜ਼ੂਰ ਅਨਵਰ ਨੇ ਆਪਣੇ ਖ਼ਿਤਾਬ ਦਾ ਸਮਾਪਨ ਦੁਨੀਆ ਵਿੱਚ ਅਮਨ ਲਈ ਦੁਆ ਕਰਦੇ ਹੋਏ ਕੀਤਾ ਅਤੇ ਜਮਾਤ ਅਹਮਦੀਆ ਮੁਸਲਿਮਾ ਦੇ ਮੈਂਬਰਾਂ ਨੂੰ ਵੀ ਦੁਨੀਆ ਵਿੱਚ ਅਮਨ ਕਾਇਮ ਹੋਣ ਅਤੇ ਹਰ ਕਿਸਮ ਦੀ ਨਾਇੰਸਾਫ਼ੀ ਅਤੇ ਜ਼ੁਲਮ ਦੇ ਖਾਤਮੇ ਲਈ ਦੁਆ ਕਰਨ ਦੀ ਅਪੀਲ ਕੀਤੀ।



**Tariq Ahmad K**
Incharge Press & Media,
Ahmadiyya Muslim Jama'at India.